# ਨਾਨਕ ਸਿੰਘ

ਮੁੱਢਲੀ ਜ਼ਿੰਦਗੀ

ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ ਵਿੱਚ ਸ੍ਰੀ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲੱਛਮੀ ਦੀ ਕੁੱਖੋਂ, ਬਤੌਰ ਹੰਸ ਰਾਜ, ਹੋਇਆ। ਉਹ ਪਿਸ਼ਾਵਰ ਦੇ ਗੁਰਦੁਆਰੇ ਦੇ ਗ੍ਰੰਥੀ ਬਾਗ ਸਿੰਘ ਦੀ ਪ੍ਰੇਰਨਾ ਨਾਲ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਏ। ਪੰਜਵੀ ਜਮਾਤ ਪਿੰਡ ਦੇ ਹੀ ਸਕੂਲ ਤੋਂ ਪਾਸ ਕੀਤੀ। ਛੇਵੀ ਜਮਾਤ ਵਿੱਚ ਪੜ੍ਹਦੇ ਸਮੇਂ ਉਹਨਾਂ ਦੇ ਪਿਤਾ ਜੀ ਦਾ ਸਾਇਆ ਸਿਰ ’ਤੇ ਨਾ ਰਿਹਾ ਅਤੇ ਪੜ੍ਹਾਈ ਅਧੂਰੀ ਛੱਡ ਕੇ ਰੋਟੀ-ਰੋਜ਼ੀ ਕਮਾਉਣ ਲੱਗ ਪਏ। ਉਹਨਾਂ ਹਲਵਾਈ ਦੀ ਦੁਕਾਨ 'ਤੇ ਭਾਂਡੇ ਮਾਂਜੇ ਅੱਤੇ ਮੇਲਿਆਂ ਵਿੱਚ ਕੁਲਫ਼ੀਆਂ ਵੀ ਵੇਚੀਆਂ।

ਇਹਨਾਂ ਨੇ 13 ਸਾਲ ਦੀ ਛੋਟੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। 13 ਅਪ੍ਰੈਲ 1919 ਦੀ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ਼ ਦੀ ਘਟਨਾ ਨੂੰ ਉਹਨਾਂ ਨੇ ਅੱਖੀਂ ਵੇਖਿਆ, ਜਿਸਦਾ ਉਹਨਾਂ ਦੇ ਮਨ ਤੇ ਡੂੰਘਾ ਅਸਰ ਹੋਇਆ ਕਿਉਂਕਿ ਉਹਨਾਂ ਦੇ ਦੋ ਦੋਸਤ ਵੀ ਇਸ ਹੱਤਿਆ-ਕਾਂਡ ਵਿੱਚ ਮਾਰੇ ਗਏ ਸਨ। ਉਹਨਾਂ ਨੇ ਬ੍ਰਿਟਿਸ਼ ਹਕੂਮਤ ਦੇ ਅੱਤਿਆਚਾਰ ਨੂੰ ਨੰਗਾ ਕਰਦੀ ਇੱਕ ਲੰਮੀ ਕਵਿਤਾ *ਖ਼ੂਨੀ ਵਿਸਾਖੀ* ਲਿਖੀ। ਹਕੂਮਤ ਨੇ ਇਸ ਤੇ ਪਾਬੰਦੀ ਲਾ ਦਿੱਤੀ ਅਤੇ ਜ਼ਬਤ ਕਰ ਲਈ।

1921 ਵਿੱਚ ਇਹਨਾਂ ਦਾ ਵਿਆਹ ਰਾਜ ਕੌਰ ਨਾਲ ਹੋਇਆ।

- **ਕੰਮ**
- 1911 ਵਿੱਚ ਇਹਨਾਂ ਦਾ ਪਹਿਲਾ ਕਾਵਿ ਸੰਗ੍ਰਹਿ, ਸੀਹਰਫ਼ੀ ਹੰਸ ਰਾਜ, ਛਪਿਆ। ਕੁਝ ਧਾਰਮਿਕ ਗੀਤ ਵੀ ਲਿਖੇ ਜਿਹੜੇ *ਸਤਿਗੁਰ ਮਹਿਮਾ* ਨਾਂਅ ਹੇਠ ਛਪੇ। 1922 ਵਿੱਚ ਇਹ ਗੁਰੂ ਕਾ ਬਾਗ ਮੋਰਚੇ ਸਮੇਂ ਜੇਲ੍ਹ ਗਏ। ਇਸ ਸਮੇਂ ਉਹਨਾਂ ਨੇ ਆਪਣੀ ਦੂਸਰੀ ਕਾਵਿ ਪੁਸਤਕ *ਜ਼ਖਮੀ ਦਿਲ* ਲਿਖੀ ਜੋ 1923 ਵਿੱਚ ਛਪੀ ਤੇ ਜਿਸ ਤੇ ਮਹਿਜ ਦੋ ਹਫ਼ਤਿਆਂ ਬਾਅਦ ਪਾਬੰਦੀ ਲਾ ਦਿੱਤੀ ਗਈ। ਜੇਲ੍ਹ ਵਿੱਚ ਹੀ ਉਹਨਾਂ ਨੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹੇ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਜੇਲ੍ਹ ਵਿੱਚ ਹੀ ਆਪਣਾ ਪਹਿਲਾ ਨਾਵਲ *ਅੱਧ ਖਿੜੀ ਕਲੀ* ਲਿਖਿਆ, ਜੋ ਬਾਅਦ ਵਿੱਚ *ਅੱਧ ਖਿੜਿਆ ਫੁੱਲ* ਨਾਂਅ ਹੇਠ ਛਪਿਆ। ਅਠੱਤੀ ਨਾਵਲਾਂ ਤੋਂ ਬਿਨਾਂ ਚਾਰ ਕਾਵਿ ਸੰਗ੍ਰਹਿ, ਕਈ ਕਹਾਣੀ ਸੰਗ੍ਰਹਿ, ਸ੍ਵੈ-ਜੀਵਨੀ ਯਾਦਾਂ, ਤਰਜਮੇ, ਲੇਖ ਅਤੇ ਨਾਟਕ ਵੀ ਲਿਖੇ।
- ਇਹਨਾਂ ਦੇ ਨਾਵਲਾਂ ਵਿੱਚ ਇਹਨਾਂ ਨੇ ਸਮਾਜਿਕ ਬੁਰਾਈਆਂ, ਆਰਥਿਕ ਅਸਮਾਨਤਾ, ਸਮਾਜ ਵਿਚਲੇ ਭ੍ਰਿਸ਼ਟਾਚਾਰ, ਪਾਖੰਡ, ਬਦਚਲਣੀ, ਵੱਢੀਖੋਰੀ ਅਤੇ ਫਿਰਕੂ-ਜਨੂੰਨ ਆਦਿ ਨੂੰ ਨੰਗਾ ਕੀਤਾ ਹੈ। ਆਪਣੀਆਂ ਕਹਾਣੀਆਂ ਉਹਨਾਂ ਸਮਾਜਿਕ ਜੀਵਨ ਵਿੱਚੋਂ ਲਈਆਂ ਉਹਨਾਂ ਦੀ ਕਹਾਣੀ ਆਪਣੀ ਰੋਚਕਤਾ, ਰਸ ਅਤੇ ਉਤਸੁਕਤਾ ਕਾਰਨ ਨਦੀ ਦੀ ਤੇਜ਼ੀ ਵਾਂਗ ਰੁੜ੍ਹੀ ਜਾਂਦੀ ਹੈ।

# ਰਚਨਾਵਾਂ

- **ਕਾਵਿ ਰਚਨਾਵਾਂ**
- *ਸੀਹਰਫ਼ੀ ਹੰਸ ਰਾਜ*
- *ਸਤਿਗੁਰ ਮਹਿਮਾ*
- *ਜ਼ਖਮੀ ਦਿਲ*

- **ਕਹਾਣੀ ਸੰਗ੍ਰਹਿ**
- *ਹੰਝੂਆਂ ਦੇ ਹਾਰ*
- *ਠੰਡੀਆਂ ਛਾਵਾਂ*
- *ਸੱਧਰਾਂ ਦੇ ਹਾਰ*
- *ਸੁਨਹਿਰੀ ਜਿਲਦ*
- *ਵੱਡਾ ਡਾਕਟਰ ਤੇ ਹੋਰ ਕਹਾਣੀਆਂ*
- *ਤਾਸ ਦੀ ਆਦਤ*
- *ਤਸਵੀਰ ਦੇ ਦੋਵੇਂ ਪਾਸੇ*
- *ਭੂਆ*
- *ਸਵਰਗ ਤੇ ਉਸ ਦੇ ਵਾਰਸ*

- ਨਾਵਲ[ਸ
- *ਮਿੱਧੇ ਹੋਏ ਫੁੱਲ*
- *ਆਸਤਕ ਨਾਸਤਕ*
- *ਆਦਮਖੋਰ*
- *ਅੱਧ ਖਿੜਿਆ ਫੁੱਲ*
- *ਅੱਗ ਦੀ ਖੇਡ*
- *ਅਣਸੀਤੇ ਜ਼ਖ਼ਮ*
- *ਬੀ.ਏ.ਪਾਸ*
- *ਬੰਜਰ*
- *ਚੜ੍ਹਦੀ ਕਲਾ*
- *ਛਲਾਵਾ*
- *ਚਿੱਤਰਕਾਰ*
- *ਚਿੱਟਾ ਲਹੂ*

- ਕੱਲੋ
- ਖ਼ੂਨ ਦੇ ਸੋਹਲੇ
- ਕੋਈ ਹਰਿਆ ਬੂਟ ਰਹਿਓ ਰੀ
- ਲੰਮਾ ਪੈਂਡਾ
- ਲਵ ਮੈਰਿਜ
- ਮੰਝਧਾਰ
- ਮਤਰੇਈ ਮਾਂ
- ਮਿੱਠਾ ਮਹੁਰਾ
- ਨਾਸੂਰ
- ਪਾਪ ਦੀ ਖੱਟੀ
- ਪ੍ਰਾਸ਼ਚਿਤ
- ਪੱਥਰ ਦੇ ਖੰਭ
- ਪੱਥਰ ਕਾਂਬਾ(ਤਰਜਮਾ)

- *ਟੁੱਟੇ ਖੰਭ*
- *ਟੁੱਟੀ ਵੀਣਾ*
- *ਵਰ ਨਹੀਂ ਸਰਾਪ*
- *ਵਿਸ਼ਵਾਸਘਾਤ*

ਚੌੜ ਚਾਨਣ
ਧੁੰਦਲੇ ਪਰਛਾਵੇਂ
ਦੂਰ ਕਿਨਾਰਾ
ਫੌਲਾਦੀ ਫੁੱਲ
ਫਰਾਂਸ ਦਾ ਡਾਕੂ (ਤਰਜਮਾ)
ਗਗਨ ਦਮਾਮਾ ਬਾਜਿਓ
ਗੰਗਾ ਜਲੀ ਵਿੱਚ ਸ਼ਰਾਬ
ਗਰੀਬ ਦੀ ਦੁਨੀਆਂ
ਇਕ ਮਿਆਨ ਦੋ ਤਲਵਾਰਾਂ
ਜੀਵਨ ਸੰਗਰਾਮ
ਕਾਗਤਾਂ ਦੀ ਬੇੜੀ
ਕਾਲ ਚੱਕਰ
ਕਟੀ ਹੋਈ ਪਤੰਗ

- *ਪਤਝੜ ਦੇ ਪੰਛੀ*(ਤਰਜਮਾ)
- *ਪਵਿੱਤਰ ਪਾਪੀ (ਨਾਵਲ)*
- *ਪਿਆਰ ਦਾ ਦੇਵਤਾ*
- *ਪਿਆਰ ਦੀ ਦੁਨੀਆਂ*
- *ਪ੍ਰੇਮ ਸੰਗੀਤ*
- *ਪੁਜਾਰੀ*
- *ਰੱਬ ਆਪਣੇ ਅਸਲੀ ਰੂਪ ਵਿੱਚ*
- *ਰਜਨੀ*
- *ਸਾੜ੍ਹਸਤੀ*
- *ਸੰਗਮ*
- *ਸਰਾਪੀਆਂ ਰੂਹਾਂ*
- *ਸੂਲਾਂ ਦੀ ਸੇਜ* (ਤਰਜਮਾ)
- *ਸੁਮਨ ਕਾਂਤਾ*
- *ਸੁਪਨਿਆਂ ਦੀ ਕਬਰ*

- **ਆਵਾਰਡ**
- ਇਤਿਹਾਸਕ ਨਾਵਲ *ਇਕ ਮਿਆਨ ਦੋ ਤਲਵਾਰਾਂ* ਨੂੰ 1962 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।
- 1968 ਵਿੱਚ *ਪਵਿੱਤਰ ਪਾਪੀ* ਦੇ ਅਧਾਰਿਤ ਇੱਕ ਹਿੰਦੀ ਫ਼ਿਲਮ ਵੀ ਬਣ ਚੁੱਕੀ ਹੈ।